# ਕੀਰਤੀ ਵੀ ਚਾਹੁੰਦੀ ਹੈ ਉੱਡਣਾ

ਪ੍ਰੀ-ਪ੍ਰਾਇਮਰੀ-2 ਲਈ



ਸਕੂਲ ਸਿੱਖਿਆ ਵਿਭਾਗ, ਪੰਜਾਬ

# ਕੀਰਤੀ ਵੀ ਚਾਹੁੰਦੀ ਹੈ ਉੱਡਣਾ

ਲੇਖਕ

ਅਦਿਤੀ ਸਰਾਵਗੀ

ਚਿੱਤਰਕਾਰ

ਲਵੰਨਿਆ ਕਾਰਤਿਕ

ਕੀਰਤੀ ਨੀਲੇ ਅਸਮਾਨ ਵਿੱਚ ਉੱਡਣਾ ਚਾਹੁੰਦੀ ਹੈ।

ਪਰ ਕਿਵੇਂ?

ਉਸਦੇ ਕੋਲ ਤਾਂ ਪੰਛੀਆਂ ਵਰਗੇ ਖੰਭ ਵੀ ਨਹੀਂ ਹਨ।



ਕੀਰਤੀ ਫਿਰ ਵੀ ਉੱਡ ਸਕਦੀ ਹੈ।

ਜਾਂ ਨਹੀਂ ?



ਕੀਰਤੀ ਇੱਕ ਹਵਾਈ ਜਹਾਜ਼ ਵਿੱਚ ਉੱਡ ਸਕਦੀ ਹੈ।

ਕੀ ਇਹ ਇੱਕ ਵੱਡੇ ਪੰਛੀ ਵਰਗਾ ਨਹੀਂ ਲੱਗਦਾ?




ਇਸ ਦੇ ਖੰਭ ਹਨ। ਇੱਕ ਪੂਛ ਵੀ ਹੈ।

ਪੰਛੀਆਂ ਨੂੰ ਖੰਭ ਹਿਲਾਉਣੇ ਪੈਂਦੇ ਹਨ।
ਪਰ ਜਹਾਜ਼ ਨੂੰ ਨਹੀਂ।



ਹਵਾਈ ਜਹਾਜ਼ ਵਿੱਚ ਇੰਜਣ ਹੁੰਦੇ ਹਨ।
ਇੰਜਣ ਨਾਲ਼ ਹਵਾਈ ਜਹਾਜ਼ ਹਵਾ ਵਿੱਚ ਉੱਡਦਾ ਹੈ।





ਹਵਾਈ ਜਹਾਜ਼ ਹਮੇਸ਼ਾ
ਹਵਾਈ ਅੱਡੇ ਤੋਂ
ਚੜ੍ਹਦੇ ਅਤੇ ਉੱਤਰਦੇ ਹਨ।

ਇਨ੍ਹਾਂ ਨੂੰ ਹਵਾ ਵਿੱਚ ਚੜ੍ਹਨ ਅਤੇ ਉੱਤਰਨ ਲਈ
ਇੱਕ ਵੱਡੀ ਸੜਕ ਦੀ ਜ਼ਰੂਰਤ ਹੁੰਦੀ ਹੈ।



ਹਵਾਈ ਜਹਾਜ਼ ਉਡਾਉਂਦਾ ਕੌਣ ਹੈ?

ਇਹ ਪਾਇਲਟ।

ਪਾਇਲਟ ਜਹਾਜ਼ ਵਿੱਚ ਇੱਕ ਵੱਖਰੇ ਕਮਰੇ
ਵਿੱਚ ਬੈਠਦਾ ਹੈ।

ਇੱਥੋਂ ਉਹ ਹਵਾਈ ਜਹਾਜ਼ ਨੂੰ ਉਡਾਉਂਦਾ ਹੈ।

ਕੀਰਤੀ ਵੱਡੀ ਹੋ ਕੇ ਇੱਕ ਪਾਇਲਟ ਬਣਨਾ ਚਾਹੁੰਦੀ ਹੈ।

ਤੁਸੀਂ ਕੀ ਬਣਨਾ ਚਾਹੋਂਗੇ?

ਕੀਰਤੀ ਉੱਡਣਾ ਚਾਹੁੰਦੀ ਹੈ। ਪਰ ਉਸ ਦੇ ਖੰਭ ਨਹੀਂ ਹਨ। ਕੀ ਉਸਨੇ ਵੱਡਾ ਪੰਛੀ ਲੱਭ ਲਿਆ ਹੈ ਜੋ ਉਸ ਨੂੰ ਆਪਣੇ ਨਾਲ਼ ਉਡਾ ਸਕਦਾ ਹੈ?

PRATHAM BOOKS

A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM BOOKS storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8,
ਐਸ.ਏ.ਐਸ ਨਗਰ, ਮੁਹਾਲੀ